# ਸਾਡੀਆਂ ਯਾਦਾਂ ਦੇ ਧੁਰ-ਅੰਦਰ ਤਕ ਵੱਸਿਆ ਇਸ਼ਮੀਤ

*-ਪ੍ਰੋ.ਕੰਵਲਜੀਤ ਕੌਰ **

ਸੰਗੀਤ ਜਗਤ ਵਿਚ ਇਕ ਸਿਤਾਰਾ ਪੈਦਾ ਹੋਇਆ।ਉਸਨੇ ਆਪਣੀ ਆਵਾਜ਼ ਦੇ ਜਾਦੂ ਨਾਲ ਦੇਸ਼ ਹੀ ਨਹੀਂ ਸਗੋਂ ਸਮੁੱਚੇ ਵਿਸ਼ਵ ਨੂੰ ਕੀਲ ਲਿਆ।ਉਸ ਸਮੇਂ ਜਦੋਂ ਹਾਲੇ ਸੰਗੀਤ-ਪ੍ਰੇਮੀਆਂ ਨੂੰ ਉਸਦੀ ਪ੍ਰਤਿਭਾ ਤੋਂ ਬਹੁਤ ਉਮੀਦਾਂ ਸਨ,ਸੰਗੀਤ ਦੀ ਇਹ ਵਿਲੱਖਣ ਪ੍ਰਤਿਭਾ ਸਾਨੂੰ ਇਕੱਲਿਆਂ ਛੱਡਕੇ ਤੁਰ ਗਈ।ਉਹ ਲੁਧਿਆਣਾ ਜਿਸਨੇ ਸੰਗੀਤ ਦੇ ਇਸ ਸ਼ਹਿਜ਼ਾਦੇ ਇਸ਼ਮੀਤ ਸਿੰਘ ਨੂੰ ਜਨਮ ਦਿੱਤਾ,ਘੜਿਆ ਅਤੇ ਤਰਾਸ਼ਿਆ,ਉਹ ਵੀ ਆਪਣੇ ਪਿਆਰੇ ਸਪੂਤ ਦੇ ਇੰਝ ਅਚਾਨਕ ਤੁਰ ਜਾਣ ਉੱਪਰ ਜਿਵੇਂ ਅਵਾਕ ਖੜ੍ਹਾ ਸੋਚ ਰਿਹਾ ਹੋਵੇ ਕਿ ਇਹ ਸਭ ਕੁਝ ਕਿਵੇਂ ਵਾਪਰ ਗਿਆ।

ਸੁਰਾਂ ਦੇ ਇਸ ਸ਼ਾਹ-ਸਵਾਰ ਨਾਲ ਮੇਰੀ ਪਹਿਲੀ ਮੁਲਾਕਾਤ ਆਪਣੇ ਘਰ ਵਿਚ ਹੀ ਹੋਈ। ਮੈਂ ਰੋਜ਼ਾਨਾ ਦੀ ਤਰ੍ਹਾਂ ਰਸੋਈ ਵਿਚ ਰਾਤ ਦਾ ਖਾਣਾ ਬਣਾ ਰਹੀ ਸੀ। ਅਚਾਨਕ ਮੇਰੇ ਬੇਟੇ ਅਸ਼ਵਮੇਧ ਨੇ ਮੈਨੂੰ ਉੱਚੀ ਆਵਾਜ਼ ਦਿੰਦਿਆਂ ਕਿਹਾ, "ਮੰਮੀ ਛੇਤੀ ਨਾਲ ਇਧਰ ਆਓ,ਦੇਖੋ! ਸਾਡੇ ਸਕੂਲ ਦੇ ਇਸ਼ਮੀਤ ਭਾ'ਜੀ ਦਾ ਪ੍ਰੋਗਰਾਮ ਟੀ.ਵੀ. 'ਤੇ ਆ ਰਿਹਾ ਹੈ!" ਜਦੋਂ ਮੈਂ ਉਸ ਕੋਲ ਪਹੁੰਚੀ ਤਾਂ ਟੀ.ਵੀ. ਉੱਪਰ ਇਕ ਮਾਸੂਮ ਜਿਹਾ ਸਿੱਖ ਮੁੰਡਾ ਕੋਈ ਹਿੰਦੀ ਗੀਤ "ਮੁਝੇ ਰਾਤ-ਦਿਨ ਬਸ ਮੁਝੇ ਚਾਹਤੀ ਹੋ…" ਆਪਣੀ ਮਿੱਠੀ ਸੁਰੀਲੀ ਆਵਾਜ਼ ਵਿਚ ਗਾ ਰਿਹਾ ਸੀ।ਮੇਰੇ ਬੇਟੇ ਨੇ ਦੱਸਿਆ ਕਿ ਇਹ ਮੁੰਡਾ ਉਸਦੇ ਸਕੂਲ ਦਾ ਪੁਰਾਣਾ ਵਿਦਿਆਰਥੀ ਇਸ਼ਮੀਤ ਹੈ।ਉਹ ਉਸਦੇ ਬਹੁਤ ਸਾਰੇ ਗੀਤ ਪਹਿਲਾਂ ਵੀ ਸਕੂਲ ਵਿਚਲੇ ਵਿਭਿੰਨ ਪ੍ਰੋਗਰਾਮਾਂ ਦੌਰਾਨ ਸੁਣ ਚੁੱਕਿਆ ਹੈ।ਉਸਦਾ ਉਪਰੋਕਤ ਗੀਤ ਸੁਣਦਿਆਂ ਸਾਰ ਮੈਂ ਵੀ ਇਸ਼ਮੀਤ ਦੀ ਗਾਇਕੀ ਦੀ ਕਾਇਲ ਹੋ ਗਈ।ਉਸ ਤੋਂ ਬਾਅਦ ਉਸ ਸੰਗੀਤ ਪ੍ਰੋਗਰਾਮ ਦੀ ਕਿਸੇ ਵੀ ਕੜੀ ਨੂੰ ਮੈਂ ਛੱਡਿਆ ਨਹੀਂ।ਉਸਦੇ ਗਾਇਨ ਵਿਚਲੀ ਸੰਜੀਦਗੀ,ਇਮਾਨਦਾਰੀ,ਮਿਠਾਸ ਅਤੇ ਜਾਦੂਗਰੀ ਨੇ ਮੈਨੂੰ ਉਸਦੇ ਪ੍ਰਸੰਸਕਾਂ ਦੀ ਕਤਾਰ ਵਿਚ ਲਿਆ ਖੜ੍ਹਾਇਆ।ਇਹ ਸੰਬੰਧ ਉਸ ਵੇਲੇ ਹੋਰ ਵੀ ਪੀਡਾ ਹੋ ਗਿਆ ਜਦੋਂ ਉਹ ਖ਼ਾਲਸਾ ਕਾਲਜ ਫ਼ਾਰ ਵਿਮਨ ਵਿਚ ਵਿਦਿਆਰਥਣਾਂ ਦੇ ਸੱਦੇ ਉਪਰ ਆਯੋਜਿਤ, ਇਕ ਵਿਦਾਇਗੀ ਸਮਾਰੋਹ ਮੌਕੇ ਆਪਣਾ ਪ੍ਰੋਗਰਾਮ ਪੇਸ਼ ਕਰਨ ਆਇਆ।ਉਸਦੇ ਗੀਤਾਂ ਦੀ ਤਾਲ ਉੱਪਰ ਨੱਚ ਰਹੀਆਂ ਵਿਦਿਆਰਥਣਾਂ ਅਤੇ ਉਨ੍ਹਾਂ ਦੀ ਖ਼ੁਸ਼ੀ ਦੇਖ ਦੇਖ ਖੀਵੀਆਂ ਹੋ ਰਹੀਆਂ ਅਧਿਆਪਕਾਵਾਂ ਅਤੇ ਪ੍ਰਿੰਸੀਪਲ ਥਿੰਦ ਨੂੰ ਉਸ ਦਿਨ ਜ਼ਰਾ ਵੀ ਚਿੱਤ ਚੇਤੇ ਨਹੀਂ ਸੀ ਕਿ ਅੱਜ ਦੇ ਵਿਦਾਇਗੀ ਸਮਾਗਮ ਵਿਚ ਮਿਸ਼ਰੀ ਘੋਲਦੇ ਇਸ ਨੌਜਵਾਨ ਗਾਇਕ ਨੂੰ ਕਦੀ ਏਨੀ ਜਲਦੀ ਅਲਵਿਦਾ ਵੀ ਆਖਣਾ ਪਵੇਗਾ।

2 ਸਤੰਬਰ 1989 ਨੂੰ ਪਿਤਾ ਸ.ਗੁਰਪਿੰਦਰ ਸਿੰਘ ਸੋਢੀ ਅਤੇ ਮਾਤਾ ਸ੍ਰੀਮਤੀ ਅੰਮ੍ਰਿਤ ਕੌਰ ਦੇ ਗੁਰਸਿੱਖ ਪਰਵਾਰ ਵਿਚ ਇਸ਼ਮੀਤ ਸਿੰਘ ਉਰਫ ਬਬਲੂ ਨੇ ਜਨਮ ਲਿਆ।ਉਸਨੇ ਪਹਿਲੀ ਤੋਂ ਲੈ ਕੇ ਬਾਰ੍ਹਵੀਂ ਤਕ ਦੀ ਪੜ੍ਹਾਈ ਗੁਰੂ ਨਾਨਕ ਪਬਲਿਕ ਸਕੂਲ,ਲੁਧਿਆਣਾ ਤੋਂ ਪ੍ਰਾਪਤ ਕੀਤੀ।ਉਹ ਆਪਣੇ ਸਕੂਲ ਦੇ ਹੋਣਹਾਰ,ਪ੍ਰਤਿਭਾਵਾਨ ਅਤੇ ਹੁਸ਼ਿਆਰ ਵਿਦਿਆਰਥੀਆਂ ਵਿਚੋਂ ਸੀ।ਉਸਨੇ ਪਹਿਲੀ ਵਾਰ ਇਨਾਮ ਉਦੋਂ ਹਾਸਲ ਕੀਤਾ ਜਦੋਂ ਉਹ ਸੱਤਵੀਂ ਜਮਾਤ ਵਿਚ ਪੜ੍ਹਦਾ ਸੀ।ਉਸ ਦਿਨ ਤੋਂ ਬਾਅਦ ਚੱਲ ਸੋ ਚੱਲ,ਉਸਨੇ ਕਦੇ ਪਿੱਛੇ ਮੁੜਕੇ ਨਹੀਂ ਦੇਖਿਆ।ਇਸ਼ਮੀਤ ਦੀ ਸ਼ਖ਼ਸੀਅਤ ਵਿਚ ਇਕ ਮਿਕਨਾਤੀਸੀ ਖਿੱਚ ਸੀ।ਜਿਹੜਾ ਵੀ ਉਸਨੂੰ ਮਿਲਦਾ,ਉਹੀ ਉਸਦਾ ਬਣ ਜਾਂਦਾ ਸੀ।ਉਸਦੇ ਬੋਲਾਂ ਵਿਚੋਂ ਫੁੱਲ ਕਿਰਦੇ ਸਨ।ਉਸਦੇ ਉੱਠਣ ਬੈਠਣ ਅਤੇ ਸਤਕਾਰ ਕਰਨ ਦੇ ਅੰਦਾਜ਼ ਤੋਂ ਉਹਦੀ ਲਿਆਕਤ ਅਤੇ ਪਰਿਵਾਰਕ ਸੰਸਕਾਰਾਂ ਦੀ ਗੁੜ੍ਹਤੀ ਸਾਫ਼ ਝਲਕਦੀ ਸੀ।

ਇਸ਼ਮੀਤ ਦੇ ਪ੍ਰਸੰਸਕ ਹਰ ਉਮਰ,ਲਿੰਗ ਅਤੇ ਵਰਗ ਨਾਲ ਸੰਬੰਧ ਰੱਖਦੇ ਸਨ।ਜਿਹਨਾ ਦਿਨਾਂ 'ਚ ਉਹ 'ਸਟਾਰ ਵਾਇਸ ਆਫ਼ ਇੰਡੀਆ' ਪ੍ਰਤੀਯੋਗਿਤਾ ਵਿਚ ਭਾਗ ਲੈ ਰਿਹਾ ਸੀ।ਉਹਨਾਂ ਦਿਨਾਂ ਵਿਚ ਹੀ ਸ੍ਰੋਤਿਆਂ ਤੇ ਪ੍ਰਸੰਸਕਾਂ 'ਤੇ ਉਸਦੀ ਪਕੜ ਆਪਣਾ ਪੂਰਾ ਜ਼ੋਰ ਫੜ ਚੁੱਕੀ ਸੀ।ਹਰ ਪੰਜਾਬੀ ਲਈ ਇਸ਼ਮੀਤ ਉਸਦਾ ਪੁੱਤਰ ਸੀ ਤੇ ਹਰ ਭੈਣ ਲਈ ਭਰਾ।ਉਸਦੀ ਜਿੱਤ ਲਈ ਵੋਟ ਕਰਨਾ ਹਰ ਪੰਜਾਬੀ ਆਪਣਾ ਨੈਤਿਕ ਫਰਜ਼ ਮੰਨਕੇ ਚੱਲਦਾ ਸੀ।ਮੈਨੂੰ ਯਾਦ ਹੈ, ਮੈਂ ਉਹਨੀਂ ਦਿਨੀਂ ਆਪਣੇ ਇਕ ਪਰਵਾਰਕ ਮਿੱਤਰ ਦੇ ਘਰ ਗਈ ਹੋਈ ਸੀ,ਉਹਨਾਂ ਦੀ ਬੱਚੀ ਨੂੰ ਘਰ ਨਾਂ ਦੇਖਕੇ ਜਦੋਂ ਮੈਂ ਉਸ ਬਾਰੇ ਪੁੱਛਿਆ ਤਾਂ ਉਹਨਾਂ ਜਵਾਬ ਦਿੱਤਾ, "ਬਿਸਮਨ ਤਾਂ ਇੰਟਰਨੈੱਟ ਰਾਹੀਂ ਇਸ਼ਮੀਤ ਨੂੰ ਵੋਟ ਪਾਉਣ ਗਈ ਹੋਈ ਹੈ ।" ਉਦੋਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਮੈਨੂੰ ਦੱਸਿਆ ਗਿਆ ਕਿ ਉਹ ਹਰ ਹਫਤੇ ਇਸ਼ਮੀਤ ਲਈ ਘੱਟੋ ਘਟ ਦੋ ਢਾਈ ਸੌ ਵੋਟ ਕਰਦੀ ਹੈ।

ਉਹ ਸਿੱਖੀ ਨਾਲ ਜੁੜਿਆ ਰਹਿਣ ਵਾਲਾ ਸਾਬਤ ਸੂਰਤ ਨੌਜਵਾਨ ਸੀ।ਬੰਬਈ ਵਰਗੇ ਸ਼ਹਿਰ ਦੀ ਚਕਾ-ਚੌਂਧ ਭਰੀ ਜ਼ਿੰਦਗੀ ਅਤੇ ਸਟਾਰਡਮ ਵੀ ਉਸਦੇ ਸਿੱਖੀ ਸਰੂਪ ਨੂੰ ਢਾਹ ਨਾ ਲਾ ਸਕੇ।ਨਾਨਕ ਨਾਮ ਲੇਵਾ ਇਸ਼ਮੀਤ ਸਦਾ ਗੁਰੂ ਨਾਲ ਜੁੜਿਆ ਰਿਹਾ।ਉਸਨੇ ਆਪਣਾ ਜੀਵਨ ਤੇ ਜੀਵਨ-ਫਲਸਫ਼ਾ ਦੋਵੇਂ ਹੀ ਗੁਰਮਤਿ ਤੋਂ ਪ੍ਰਾਪਤ ਕੀਤੇ ਸਨ।'ਵਾਇਸ ਆਫ਼ ਇੰਡੀਆ' ਬਣਨ ਤੋਂ ਬਾਅਦ ਸਭ ਤੋਂ ਪਹਿਲਾਂ ਉਸਨੇ ਗੁਰਦਵਾਰਾ ਦੁੱਖ-ਨਿਵਾਰਣ ਸਾਹਿਬ,ਲੁਧਿਆਣਾ ਆਕੇ ਸ਼ੁਕਰਾਨੇ ਵਜੋਂ ਕੀਰਤਨ ਕੀਤਾ ਅਤੇ ਹਰਿਮੰਦਰ ਸਾਹਿਬ ਸਮੇਤ ਦੇਸ਼ ਦੇ ਵੱਖ ਵੱਖ ਗੁਰ ਅਸਥਾਨਾਂ 'ਤੇ ਪਹੁੰਚ ਸੀਸ ਝੁਕਾਇਆ।ਬਿੱਗ-ਮਿਊਜ਼ਿਕ ਕੰਪਨੀ ਵਾਲੇ ਆਪਣੇ ਕਰਾਰ ਮੁਤਾਬਕ ਉਸ ਤੋਂ ਕਮਰਸ਼ਲ-ਐਲਬਮ ਤਿਆਰ ਕਰਵਾਉਣਾ ਚਾਹੁੰਦੇ ਸਨ।ਪਰੰਤੂ ਉਸਨੇ ਗੁਰਬਾਣੀ ਗਾਇਨ ਨਾਲ ਸੰਬੰਧਤ 'ਸਤਿਗੁਰ ਤੁਮਰੇ ਕਾਜ ਸਵਾਰੇ' ਨਾਮਕ ਐਲਬਮ ਕੱਢਕੇ ਗੁਰੂ ਅਤੇ ਸੰਗਤ ਨਾਲ ਕੀਤਾ ਆਪਣਾ ਵਾਅਦਾ ਨਿਭਾਇਆ।'ਸਤਿ ਸ੍ਰੀ ਅਕਾਲ' ਨਾਮਕ ਫ਼ਿਲਮ ਵਿਚ ਵੀ ਉਸਨੇ ਸ਼ਬਦ ਗਾ ਕੇ ਹੀ ਫ਼ਿਲਮੀ ਪਿੱਠਵਰਤੀ ਗਾਇਕ ਵਜੋਂ ਸ਼ੁਰੂਆਤ ਕੀਤੀ ਸੀ।

ਇਸ਼ਮੀਤ ਸਿੰਘ ਨੇ ਛੋਟੀ ਜਿਹੀ ਉਮਰ ਵਿਚ ਹੀ ਬੁਲੰਦੀਆਂ ਦੇ ਕਈ ਸਿਖਰ ਛੋਹ ਲਏ ਸਨ।ਭਾਰਤ ਦੀ ਆਵਾਜ਼ ਦਾ ਖ਼ਿਤਾਬ ਹਾਸਲ ਕਰਨ ਤੋਂ ਤੁਰੰਤ ਬਾਅਦ ਹੀ ਉਹ ਸੋਨਾਟਾ ਘੜੀਆਂ ਦੀ ਯੁਵਾ-ਰੇਂਜ,ਕੀਰਤੀ ਲਾਲ ਜ਼ਿਊਲਰਜ਼ ਅਤੇ ਪੰਜਾਬ ਰਾਜ ਲਾਟਰੀਜ਼ ਆਦਿ ਦਾ ਬ੍ਰਾਂਡ-ਅੰਬੈਸਡਰ ਬਣ ਚੁੱਕਿਆ ਸੀ।ਪ੍ਰਸਿੱਧ ਅਭਿਨੇਤਾ ਤੇ ਨਿਰਦੇਸ਼ਕ ਰਾਜ ਬੱਬਰ ਦੁਆਰਾ ਮਹਾਰਾਜਾ ਰਣਜੀਤ ਸਿੰਘ ਬਾਰੇ ਬਣਾਈ ਜਾ ਰਹੀ ਫ਼ਿਲਮ ਵਿਚ ਉਸਨੂੰ ਮਹਾਰਾਜਾ ਦੇ ਕਿਸ਼ੋਰ ਉਮਰ ਦੇ ਰੋਲ ਲਈ ਸਾਈਨ ਕੀਤਾ ਜਾ ਚੁੱਕਾ ਸੀ।ਛੋਟੀ ਉਮਰ ਵਿਚ ਹੋਈਆਂ ਪ੍ਰਾਪਤੀਆਂ ਦੇ ਬਾਵਜੂਦ ਵੀ ਇਸ਼ਮੀਤ ਹੰਕਾਰ,ਦਿਖਾਵੇ ਅਤੇ ਬਨਾਵਟੀਪਣ ਤੋਂ ਕੋਹਾਂ ਦੂਰ ਸੀ।

ਉਹ ਬੜਾ ਮਿਲਣਸਾਰ,ਸਾਊ,ਭਾਵੁਕ ਅਤੇ ਬੀਬਾ ਮੁੰਡਾ ਸੀ।ਉਸਦਾ ਦਿਲ ਪਾਣੀ ਵਰਗਾ ਨਿਰਮਲ, ਸੀਤਲ ਅਤੇ ਹਰ ਰੰਗ ਵਿਚ ਰੰਗੇ ਜਾਣ ਵਾਲੇ ਗੁਣਾਂ ਨਾਲ ਭਰਪੂਰ ਸੀ।ਉਹ ਹਰ ਕਿਸੇ ਦੇ ਦੁੱਖ ਨੂੰ ਆਪਣਾ ਹੀ ਦੁੱਖ ਸਮਝਦਾ ਅਤੇ ਮਹਿਸੂਸ ਕਰਦਾ ਸੀ।ਪ੍ਰਤੀਯੋਗਤਾ ਵਿਚ ਹਿੱਸਾ ਲੈਣ ਦੌਰਾਨ ਵੀ ਅਨੇਕਾਂ ਅਜਿਹੇ ਮੌਕੇ ਆਏ ਜਦੋਂ ਉਸਦੀ ਸ਼ਖ਼ਸੀਅਤ ਦਾ ਇਹ ਗੁਣ ਸ੍ਰੋਤਿਆਂ ਨਾਲ ਸਾਂਝਾ ਹੋਇਆ।ਇਸੇ ਪ੍ਰੋਗਰਾਮ ਦੌਰਾਨ 'ਮਦਰਜ਼-ਡੇ' ਮੌਕੇ ਜਦ ਉਹ ਆਪਣਾ ਪਸੰਦੀਦਾ ਪੰਜਾਬੀ ਗੀਤ 'ਮੇਰਾ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾਣ ਨੂੰ ਬੜਾ ਚਿੱਤ ਕਰਦਾ' ਪੇਸ਼ ਕਰ ਰਿਹਾ ਸੀ, ਤਾਂ ਅਚਾਨਕ ਆਪਣੀ ਮਾਂ ਨੂੰ ਮੁੰਬਈ ਸਟੁਡਿਓ 'ਚ ਪਹੁੰਚਿਆ ਦੇਖ ਉਸਦੀਆਂ ਅੱਖਾਂ ਵਿਚੋਂ ਹੰਝੂਆਂ ਦੀ ਝੜੀ ਲੱਗ ਤੁਰੀ।ਗ਼ਜ਼ਲ-ਸਮਰਾਟ ਜਗਜੀਤ ਸਿੰਘ ਦੇ ਇਕਲੌਤੇ ਸਵਰਗੀ ਪੁੱਤਰ ਵਿਵੇਕ ਸਿੰਘ ਦੀ ਯਾਦ ਵਿਚ ਸਥਾਪਤ ਅਵਾਰਡ-ਸਮਾਰੋਹ ਮੌਕੇ, ਇਹ ਅਵਾਰਡ ਦਿੰਦਿਆਂ ਜਿੰਨੇ ਅੱਥਰੂ ਸ਼੍ਰੀ ਜਗਜੀਤ ਸਿੰਘ ਅਤੇ ਚਿੱਤ੍ਰਾ ਸਿੰਘ ਦੀਆਂ ਅੱਖਾਂ ਵਿਚ ਸਨ,ਉਸ ਤੋਂ ਵੀ ਕਈ ਗੁਣਾਂ ਵੱਧ ਨੌਜਵਾਨ ਇਸ਼ਮੀਤ ਦੀਆਂ ਅੱਖਾਂ ਵਿਚ ਸਨਮਾਨ ਹਾਸਲ ਕਰਦਿਆਂ ਮੌਜੂਦ ਸਨ।

ਇਸ਼ਮੀਤ 19 ਸਾਲ ਦੀ ਚੜ੍ਹਦੀ ਉਮਰੇ ਉਹ ਕੁਝ ਕਰ ਗੁਜ਼ਰਿਆ ਜਿਹੜਾ ਸ਼ਾਇਦ ਕੋਈ ਲੰਮੀ ਉਮਰ ਵਿਚ ਵੀ ਨਾਂ ਕਰ ਸੱਕੇ।ਆਪਣੀ ਵਿਲੱਖਣ ਪ੍ਰਤਿਭਾ ਨਾਲ ਉਸਨੇ ਪੰਜਾਬ ਦੇ ਮਾਣ ਵਿਚ ਜਿੰਨਾ ਵਾਧਾ ਕੀਤਾ ਹੈ।ਉਸ ਸਦਕਾ ਸਮੂਹ ਪੰਜਾਬੀ ਉਸਦੇ ਕਰਜ਼ਦਾਰ ਹੋ ਗਏ ਹਨ।ਉਸਦੀ ਮੌਤ ਤੋਂ ਬਾਅਦ ਹਰ ਪੰਜਾਬੀ ਆਪੋ ਆਪਣੀ ਸੋਚ ਅਤੇ ਸਮਰੱਥਾ ਮੁਤਾਬਕ ਇਸ ਕਰਜ਼ ਨੂੰ ਉਤਾਰਨ ਦੀ ਕੋਸ਼ਿਸ਼ ਕਰ ਰਿਹਾ ਹੈ।ਭਾਰਤ ਦੇ ਕਰੋੜਾਂ ਲੋਕਾਂ ਨੇ ਉਸਨੂੰ ਆਪਣੇ ਸੀਨਿਆਂ ਵਿਚ ਸਮੇਟਿਆ ਪਿਆ ਹੈ।ਨੌਜਵਾਨਾਂ ਨੇ ਉਸਨੂੰ ਆਪਣਾ ਆਦਰਸ਼ ਮੰਨਿਆ ਹੈ।ਪੰਜਾਬ ਸਰਕਾਰ ਨੇ ਆਪਣੇ ਇਸ ਹੋਣਹਾਰ ਸਪੂਤ ਨੂੰ ਨਾਂ ਸਿਰਫ਼ ਰਾਜਸੀ ਸਨਮਾਨਾਂ ਨਾਲ ਅੰਤਿਮ-ਵਿਦਾਇਗੀ ਦਿੱਤੀਸਗੋਂ ਸੰਗੀਤ ਪ੍ਰਤੀ ਉਸਦੇ ਯੋਗਦਾਨ ਲਈ ਮਰਣੋਪਰਾਂਤ ਉਸਨੂੰ ਸਟੇਟ ਐਵਾਰਡ ਨਾਲ ਸਨਮਾਨਿਆ ਵੀ ਹੈ।ਉਸਦੀ ਯਾਦ ਨੂੰ ਅਮਰ ਬਨਾਉਣ ਅਤੇ ਪੰਜਾਬ ਵਿਚ ਹੋਰ ਇਸ਼ਮੀਤ ਪੈਦਾ ਕਰਨ ਦੇ ਯਤਨਾਂ ਵਜੋਂ ਲੁਧਿਆਣੇ ਵਿਚ 'ਇਸ਼ਮੀਤ ਯਾਦਗਾਰੀ ਸੰਗੀਤ ਅਕਾਦਮੀ' ਆਰੰਭ ਕਰਨ,ਉਸਦੀ ਯਾਦ ਵਿਚ ਇਕ ਸੜਕ ਅਤੇ ਚੌਂਕ ਦਾ ਨਾਮਕਰਨ ਕਰਨ ਅਤੇ ਇਸ਼ਮੀਤ ਯਾਦਗਾਰੀ ਅਵਾਰਡ ਸਥਾਪਤ ਕਰਨ ਵਰਗੇ ਐਲਾਨਾਂ ਦੇ ਨਾਲ ਨਾਲ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਇਨ੍ਹਾਂ ਖੇਤਰਾਂ 'ਚ ਤੁਰਤ-ਪ੍ਰਭਾਵੀ ਯਤਨ ਵੀ ਜਾਰੀ ਕਰ ਦਿੱਤੇ ਗਏ ਹਨ।

ਉਸਦੇ ਜਨਮ-ਦਿਹਾੜੇ ਮੌਕੇ ਪੰਜਾਬ ਸਰਕਾਰ ਵੱਲੋਂ ਲੁਧਿਆਣੇ ਵਿਚ ਰਾਜ ਪੱਧਰ ਦਾ ਸੰਗੀਤ-ਸਮਾਰੋਹ ਆਯੋਜਿਤ ਕੀਤਾ ਗਿਆ।ਇਸ ਸਮੇਂ ਸ਼੍ਰੀ ਪ੍ਰਭਾਕਰ ਸ਼ਰਮਾ ਵੱਲੋਂ ਬਣਾਏ ਇਸ਼ਮੀਤ ਦੇ ਮੋਮ ਦੇ ਪੁਤਲੇ ਦਾ ਜਿਥੇ ਅਨਾਵਰਣ ਹੋਇਆ, ਉਥੇ ਨਾਲ ਹੀ ਸਰਕਾਰ ਵੱਲੋਂ 'ਇਸ਼ਮੀਤ ਫ਼ਾਊਂਡੇਸ਼ਨ' ਦੇ ਆਰੰਭਣ ਦਾ ਐਲਾਨ ਵੀ ਕੀਤਾ ਗਿਆ।ਪੰਜਾਬੀ ਗਾਇਕ,ਅਭਿਨੇਤਾ ਅਤੇ ਫ਼ਿਲਮਸਾਜ਼ ਹਰਭਜਨ ਮਾਨ ਨੇ ਇਸ ਫ਼ਾਊਂਡੇਸ਼ਨ ਲਈ

ਇਕਵੰਜਾ ਹਜ਼ਾਰ ਦੀ ਰਾਸ਼ੀ ਭੇਟ ਕਰਦਿਆਂ ਭਵਿੱਖ ਵਿਚ ਬਣਨ ਵਾਲੀ ਆਪਣੀ ਹਰ ਫ਼ਿਲਮ ਵਿਚੋਂ ਲਗਾਤਾਰ ਏਨੀ ਹੀ ਰਕਮ ਲਗਾਤਾਰ ਭੇਜਦੇ ਰਹਿਣ ਦਾ ਵਾਅਦਾ ਕੀਤਾ ਹੈ।ਉਸਦੇ ਸਾਥੀ ਕਲਾਕਾਰ ਇਕ ਵੱਖਰਾ ਸਮਾਗਮ ਉਲੀਕ ਕੇ ਇਸ ਸਮਾਗਮ ਤੋਂ ਹੋਣ ਵਾਲੀ ਆਮਦਨ ਇਸ਼ਮੀਤ ਯਾਦਗਾਰੀ ਸੰਗੀਤ ਅਕਾਦਮੀ ਲਈ ਭੇਟਾ ਕਰ ਰਹੇ ਹਨ।ਪੰਜਾਬੀ ਗਾਇਕ ਮੀਕਾ ਅਤੇ ਦਿੱਲੀ ਦੇ ਸੰਗੀਤ ਨਿਰਦੇਸ਼ਕ ਰਾਜ ਕਲਸੀ ਨੇ ਸੰਗੀਤ ਅਕਾਦਮੀ ਤੇ ਫ਼ਾਊਂਡੇਸ਼ਨ ਲਈ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ।ਪ੍ਰਸਿੱਧ ਸਾਹਿਤਕਾਰ ਸ੍ਰੀ ਸਰਦਾਰ ਅੰਜੁਮ ਨੇ ਇਸ ਵਰ੍ਹੇ ਸਟੇਟ ਅਵਾਰਡ ਹਾਸਲ ਕਰਦਿਆਂ ਸਨਮਾਨ ਵਿਚ ਪ੍ਰਾਪਤ ਹੋਣ ਵਾਲੀ ਰਾਸ਼ੀ ਇਸ ਅਕਾਦਮੀ ਲਈ ਭੇਟ ਕੀਤੀ ਹੈ।ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਸਮੇਤ ਅਨੇਕਾਂ ਧਾਰਮਕ ਤੇ ਸਮਾਜਕ ਸੰਸਥਾਵਾਂ ਵੱਲੋਂ ਪਰਵਾਰ ਦੀ ਯਥਾ-ਸੰਭਵ ਮਾਇਕ ਸਹਾਇਤਾ ਦੇ ਨਾਲ ਹਰ ਸਮੇਂ ਅੰਗਸੰਗ ਰਹਿਣ ਦਾ ਭਰੋਸਾ ਦਿੱਤਾ ਗਿਆ ਹੈ।ਇਸ ਤਰ੍ਹਾਂ ਹਰ ਪੰਜਾਬੀ ਆਪੋ ਆਪਣੇ ਪੱਧਰ 'ਤੇ ਉਹ ਕਰਜ਼ ਜਿਹੜਾ ਇਹ ਨੌਜਵਾਨ ਸਾਡੇ ਉਪਰ ਚੜ੍ਹਾ ਗਿਆ ਹੈ, ਨੂੰ ਲਾਹੁਣ ਦਾ ਫ਼ਰਜ਼ ਨਿਭਾਅ ਰਿਹਾ ਹੈ।

29 ਜੁਲਾਈ 2008 ਨੂੰ ਮਾਲਦੀਵ ਦੀ ਬਿਗ਼ਾਨੀ ਧਰਤੀ 'ਤੇ ਹੋਏ ਭਿਆਨਕ ਹਾਦਸੇ ਨੇ ਇਸ਼ਮੀਤ ਨੂੰ ਸਦਾ ਲਈ ਸਾਥੋਂ ਖੋਹ ਲਿਆ।ਉਸਦੀ ਅਚਨਚੇਤ,ਬੇਵਕਤੀ ਅਤੇ ਦਰਦਨਾਕ ਮੌਤ ਪਰਵਾਰ ਸਮੇਤ ਉਸਦੇ ਲੱਖਾਂ ਪ੍ਰਸੰਸਕਾਂ ਦੇ ਮਨਾਂ ਵਿਚ ਅਨੇਕਾਂ ਸਵਾਲ ਛੱਡ ਗਈ ਹੈ।ਦੇਸ਼ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ਼ਮੀਤ ਦੇ ਪਰਵਾਰ ਅਤੇ ਪ੍ਰਸੰਸਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਸਾਰੇ ਮਾਮਲੇ ਦੀ ਜੜ੍ਹ ਤਕ ਪਹੁੰਚਣ ਲਈ ਉੱਚ-ਪੱਧਰੀ ਜਾਂਚ ਕਰਵਾਏ, ਤਾਂ ਜੁ ਜਿਹੜੇ ਸਵਾਲ ਵਾਰ ਵਾਰ ਉਸਦੇ ਚਾਹੁਣ ਵਾਲਿਆਂ ਨੂੰ ਪਰੇਸ਼ਾਨ ਕਰ ਰਹੇ ਹਨ,ਉਨ੍ਹਾਂ ਦੇ ਰਹੱਸ 'ਤੋਂ ਪਰਦਾ ਉੱਠ ਸਕੇ।

***ਲੈਕਚਰਾਰ ਪੰਜਾਬੀ ਵਿਭਾਗ,ਖ਼ਾਲਸਾ ਕਾਲਜ ਫ਼ਾਰ ਵਿਮਨ,ਸਿਵਲ ਲਾਈਨਜ਼ ਲੁਧਿਆਣਾ-141 001.***

**Email:prof.kanwal@rediffmail.com**

*****